
# ਨੌਂ ਜਰੂਰੀ ਅਜ਼ਾਦੀਆਂ

### ਮਸੀਹ ਲਈ ਫੈਲਿਆ ਹੋਇਆ ਅੰਦੋਲਨ ਵੇਖਣ ਲਈ, ਕਲੀਸਿਯਾਵਾਂ ਨੂੰ ਧਾਰਮਿਕ ਰਿਵਾਜਾਂ ਤੋਂ ਇਨ੍ਹਾਂ ਅਜ਼ਾਦੀਆਂ ਦਾ ਅਨੰਦ ਮਾਣਨਾ ਚਾਹੀਦਾ ਹੈ।

ਤੁਸੀਂ ਇਸ ਦਸਤਾਵੇਜ਼ ਨੂੰ ਇਨ੍ਹਾਂ ਨੌ ਅਜ਼ਾਦੀਆਂ ਨੂੰ ਪੇਸ਼ ਕਰਨ ਲਈ ਇਕ ਨਿਰਦੇਸ਼ਿਕਾ ਦੇ ਰੂਪ ਵਿੱਚ ਪ੍ਰਯੋਗ ਕਰ ਸਕਦੇ ਹੋ, ਖਾਸ ਕਰਕੇ ਉਨ੍ਹਾਂ ਲੋਕਾਂ ਵਿੱਚ ਜਿਹੜੇ ਆਪਣੀਆਂ ਕਲੀਸਿਯਾਵਾਂ ਅਤੇ ਸਮੂਹਾਂ ਨੂੰ ਪੁਨਰ ਗਠਿਤ ਕਰਨਾ ਜਾਂ ਵੱਧਦਾ ਵੇਖਣਾ ਚਾਹੁੰਦੇ ਹਨ।

ਜਦ ਕਿ ਤੁਹਾਡੇ ਵਿੱਚੋਂ ਇਕ ਵਿਅਕਤੀ ਨੌਂ ਵਿੱਚਾਰਾਂ ਨੂੰ ਪੇਸ਼ ਕਰੇ, ਕੋਈ ਹੋਰ ਵਿਅਕਤੀ ਸ੍ਰੀਮਾਨ ਰਿਵਾਜ ਦਾ ਕਿਰਦਾਰ ਅਦਾ ਕਰ ਸਕਦਾ ਹੈ। ਸ੍ਰੀਮਾਨ ਰਿਵਾਜ ਖਾਸ ਟੋਪ ਪਹਿਨ ਸਕਦਾ ਹੈ ਜਾਂ ਆਪਣੇ ਨਾਮ ਦਾ ਸੰਕੇਤਕ ਚੁੱਕੇ ਜਿਸ ਉੱਤੇ ਵੱਡੇ ਵੱਡੇ ਅੱਖਰਾਂ ਵਿੱਚ "ਸ੍ਰੀਮਾਨ ਰਿਵਾਜ" ਲਿਖਿਆ ਹੋਵੇ। ਸ੍ਰੀਮਾਨ ਦਾ ਕਿਰਦਾਰ ਹੈ, ਉਹ ਹਰ ਇਕ ਵਿੱਚਾਰ ਦਾ ਵਿਰੋਧ ਕਰੇ ਜਿਹੜਾ ਤੁਸੀਂ ਪੇਸ਼ ਕਰੋਗੇ। ਤੁਸੀਂ ਫਿਰ ਉਸਦੇ ਇਤਰਾਜ਼ਾਂ ਦਾ ਜਵਾਬ ਦੇ ਸਕਦੇ ਹੋ, ਜਦ ਕਿ ਦੂਸਰੇ ਸੁਣ ਰਹੇ ਹਨ, ਜਾਂ ਚੰਗਾ ਹੋਵੇਗਾ, ਤੁਸੀਂ ਦੂਜਿਆਂ ਨੂੰ ਸ੍ਰੀਮਾਨ ਰਿਵਾਜ ਨੂੰ ਉੱਤਰ ਦੇਣ ਲਈ ਕਹਿ ਸਕਦੇ ਹੋ। ਜਦੋਂ ਤੁਸੀਂ ਸ੍ਰੀਮਾਨ ਰਿਵਾਜ ਦੀ ਪਛਾਣ ਕਰਾਉਂਦੇ ਹੋ, ਤੁਸੀਂ ਕੁਝ ਇਸ ਤਰ੍ਹਾਂ ਕਹੋ, "ਸ੍ਰੀਮਾਨ ਰਿਵਾਜ ਸ਼ਾਇਦ ਤੁਹਾਡੀ ਕਲੀਸਿਯਾ ਵਿੱਚ ਆਉਂਦਾ ਹੈ। ਉਹ ਹਰ ਜਗ੍ਹਾ ਹੈ! ਹੋ ਸਕਦਾ ਹੈ ਤੁਸੀਂ ਹੀ ਸ੍ਰੀਮਾਨ ਰਿਵਾਜ ਹੋਵੋ।"



**1.** ਜਵਾਨ ਮੰਡਲੀਆਂ ਲਈ ਨਵੀਆਂ ਮੰਡਲੀਆਂ ਸ਼ੁਰੂ ਕਰਨ ਦੀ ਅਜ਼ਾਦੀ, ਜਿਉਂ ਹੀ ਪਰਮੇਸ਼ੁਰ ਇਸਨੂੰ ਸੰਭਵ ਬਣਾਵੇ। ਸਿੱਖਿਆਵਾਂ :

- ਬਾਈਬਲ ਦੇ ਆਦਰਸ਼ ਜਿਨ੍ਹਾਂ ਅਜ਼ਾਦੀ ਦਾ ਅਭਿਆਸ ਕੀਤਾ, ਜਿਸ ਵਿੱਚ ਬਰਨਾਬਾਸ ਅਤੇ ਇਪਫ਼ਰਾਸ ਸ਼ਾਮਿਲ ਹਨ।
- ਜਿੱਥੇ ਕਿਤੇ ਵੀ ਬਾਈਬਲ ਦੇ ਰਸੂਲ ਗਏ, ਉੱਥੇ ਨਵੀਆਂ ਮੰਡਲੀਆਂ ਸ਼ੁਰੂ ਹੋਈਆਂ ਅਤੇ ਵਧੀਆਂ।
- ਰਸੂਲਾਂ ਨੇ ਇਮਾਰਤਾਂ ਅਤੇ ਤਨਖਾਹਾਂ ਦੀ ਜਰੂਰਤ ਤੋਂ ਹੱਟ ਕੇ ਨਵੀਂ ਮੰਡਲੀ ਨੂੰ ਅਜ਼ਾਦੀ ਨਾਲ ਕੰਮ ਕਰਦੇ ਰਹਿਣ ਦਿੱਤਾ।

**ਸ੍ਰੀਮਾਨ ਰਿਵਾਜ ਕੁਝ ਇਸ ਤਰ੍ਹਾਂ ਬਹਿਸ ਕਰੇ:** ਸਾਡੀ ਮੰਡਲੀ ਦੀਆਂ ਨੀਤੀਆਂ ਮੰਗ ਕਰਦੀਆਂ ਹਨ ਕਿ ਇਕ ਮੰਡਲੀ ਨੂੰ ਇਕ ਹੋਰ ਮੰਡਲੀ ਸ਼ੁਰੂ ਕਰਨ ਲਈ, ਪਹਿਲਾਂ ਪ੍ਰਵਾਨਗੀ ਲਈ ਸਥਾਨਕ ਮੁੱਖ ਦਫ਼ਤਰ ਨੂੰ ਅਰਜ਼ੀ ਲਿਖੇ, ਉਸ ਕੋਲ ਨਿਸ਼ਚਿਤ ਗਿਣਤੀ ਦੇ ਮੈਂਬਰ ਹੋਣ ਅਤੇ ਠੋਸ ਬਜਟ ਹੋਵੇ।"

**2.** ਮਨੁੱਖ ਦੇ ਬਣਾਏ ਗਏ ਧਾਰਮਿਕ ਨਿਯਮਾਂ ਅਤੇ ਰਿਵਾਜਾਂ ਤੋਂ ਉੱਪਰ, ਮਸੀਹ ਦੇ ਅਤੇ ਉਸਦੇ ਰਸੂਲਾਂ ਦੇ ਹੁਕਮਾਂ ਨੂੰ ਮੰਨਣ ਦੀ ਆਜ਼ਾਦੀ। ਸਿੱਖਿਆਵਾਂ:

- ਰਸੂਲਾਂ ਦੇ ਕਰਤੱਬ 2 ਵਿੱਚ ਪਤਰਸ ਅਤੇ ਦੂਜੇ ਚੇਲਿਆਂ ਨੇ ਨਵੇਂ ਨੇਮ ਦੀ ਪਹਿਲੀ ਮੰਡਲੀ ਦੇ ਮੈਂਬਰਾਂ ਨੂੰ ਸ਼ੁਰੂ ਤੋਂ ਮਸੀਹ ਦੀ ਆਗਿਆ ਮੰਨਣਾ ਸਿਖਾਇਆ।
- ਯਿਸੂ ਨੇ ਬਹੁਤ ਸਾਰੀਆਂ ਗੱਲਾਂ ਦਾ ਹੁਕਮ ਦਿੱਤਾ, ਜਿਨ੍ਹਾਂ ਦਾ ਖੁਲਾਸਾ ਅਸੀਂ ਸੱਤ ਮੂਲ ਹੁਕਮਾਂ ਵਿੱਚ ਕਰ ਸਕਦੇ ਹਾਂ, ਜਿਹੜੇ ਅਸੀਂ ਰਸੂਲਾਂ ਦੇ ਕਰਤੱਬ 2 ਵਿੱਚ 3000 ਲੋਕ ਬਦਲੇ, ਉਨ੍ਹਾਂ ਦੀ ਪਹਿਲੀ ਮੰਡਲੀ ਨੂੰ ਆਗਿਆ ਮੰਨਦੇ ਵੇਖਦੇ ਹਾਂ। ਉਨ੍ਹਾਂ ਨੇ ਤੋਬਾ ਕੀਤੀ ਅਤੇ ਪਵਿੱਤਰ ਆਤਮਾ ਪਾਇਆ, ਆਪਣੇ ਵਿਸ਼ਵਾਸ ਦੀ ਪੁਸ਼ਟੀ ਬਪਤਿਸਮੇ ਨਾਲ ਕੀਤੀ, ਪ੍ਰਭੂ ਭੋਜ ਮਨਾਇਆ, ਇਕ ਦੂਜੇ ਨੂੰ ਪਿਆਰ ਕੀਤਾ (ਉਨ੍ਹਾਂ ਦੀ ਸੰਗਤੀ ਵਿੱਚ ਵੇਖਿਆ ਗਿਆ), ਪ੍ਰਾਰਥਨਾ ਕੀਤੀ, ਦਾਨ ਦਿੱਤਾ ਅਤੇ ਚੇਲੇ ਬਣਾਏ।

**ਸ੍ਰੀਮਾਨ ਰਿਵਾਜ ਕੁਝ ਇਸ ਤਰ੍ਹਾਂ ਕਹੇ:** "ਸਾਨੂੰ ਉਹ ਸਾਰੀਆਂ ਨੀਤੀਆਂ ਦਾ ਪਾਲਣ ਕਰਨਾ ਚਾਹੀਦਾ ਹੈ-ਜਿਹੜੀਆਂ ਮੈਂ ਪ੍ਰਵਾਨ ਕਰਦਾ ਹਾਂ। ਅਨੁਰੂਪਤਾ, ਏਕਤਾ ਨੂੰ ਯਕੀਨੀ ਬਣਾਉਂਦੀ ਹੈ।"

**3.** ਨਾ ਬਦਲੇ ਹੋਏ ਖੋਜ਼ੀਆਂ ਅਤੇ ਨਵੇਂ ਵਿਸ਼ਵਾਸੀਆਂ ਦੇ ਘਰਾਂ ਵਿੱਚ ਜਾ ਕੇ ਸ਼ੁਭ ਸਮਾਚਾਰ ਦਾ ਪ੍ਰਚਾਰ ਕਰਨ, ਚੇਲੇ ਬਣਾਉਣ ਅਤੇ ਉਨ੍ਹਾਂ ਦੇ ਆਪਣੇ ਸੱਭਿਆਚਾਰਾਂ ਅਤੇ ਪਰਿਵਾਰਾਂ ਵਿੱਚ ਅਰਾਧਾਨਾ ਕਰਨ ਦੀ ਅਜ਼ਾਦੀ ਹੋਵੇ। ਸਿੱਖਿਆਵਾਂ :

- ਬਾਈਬਲ ਦੇ ਆਦਰਸ਼ਾਂ ਵਿੱਚ ਪਤਰਸ ਕੁਰਨੇਲਿਉਸ ਅਤੇ ਯਿਸੂ ਸ਼ਾਮਿਲ ਹਨ, ਜਦੋਂ ਉਸਨੇ ਸੱਤਰਾਂ ਨੂੰ ਭੇਜਿਆ।

- ਜਦੋਂ ਕਿਸੇ ਨੇ ਵਿਸ਼ਵਾਸ ਕੀਤਾ, ਉਹ ਉਸੇ ਵੇਲੇ ਉਨ੍ਹਾਂ ਦੇ ਘਰਾਂ ਅਤੇ ਪਰਵਾਰ ਵਿੱਚ ਗਏ, ਜਿਵੇਂ ਕਿ ਲੇਵੀ, ਕੁਰਨੇਲਿਉਸ, ਲੀਦੀਆ, ਫ਼ਿਲਿੱਪੀਆਂ ਦਾ ਦਰੋਗਾ ਅਤੇ ਕਰਿਸਪੁਸ ਦੇ ਬਾਰੇ ਹੈ।
- ਉਨ੍ਹਾਂ ਨੇ ਨਵੇਂ ਵਿਸ਼ਵਾਸੀਆਂ ਨੂੰ ਆਪਣੇ ਰਿਸ਼ਤੇਦਾਰਾਂ ਨਾਲ ਪਿਆਰ ਦੇ ਸਬੰਧ ਵਿੱਚ ਅਤੇ ਜਿੰਨਾ ਸੰਭਵ ਹੋ ਸਕੇ, ਸਮਾਜਿਕ ਜਾਲ ਵਿੱਚ ਬਣਾਈ ਰੱਖਿਆ।

**ਸ੍ਰੀਮਾਨ ਰਿਵਾਜ ਕੁਝ ਇਸ ਤਰ੍ਹਾਂ ਕਹੇ:** "ਨਵੇਂ ਵਿਸ਼ਵਾਸੀਆਂ ਨੂੰ ਇਸੇ ਵੇਲੇ ਮਿੱਤਰਾਂ, ਰਿਸ਼ਤੇਦਾਰਾਂ ਅਤੇ ਸੱਭਿਆਚਾਰ ਦੇ ਬੁਰੇ ਪ੍ਰਭਾਵ ਤੋਂ ਵੱਖਰਿਆਂ ਕਰੋ।"

**4. ਨਵੇਂ ਵਿਸ਼ਵਾਸੀਆਂ ਨੂੰ ਬਿਨ੍ਹਾਂ ਕਿਸੇ ਦੇਰੀ ਦੇ ਬਪਤਿਸਮਾ ਦੇਣ ਅਤੇ ਜਿੱਥੇ ਕਿਤੇ ਉਹ ਇਕੱਠੇ ਹੁੰਦੇ ਹਨ, ਉੱਥੇ ਪ੍ਰਭੂ ਭੋਜ ਮਨਾਉਣ ਦੀ ਅਜ਼ਾਦੀ ਹੋਵੇ। ਸਿੱਖਿਆ:**

- ਬਾਈਬਲ ਦੇ ਆਦਰਸ਼ਾਂ ਵਿੱਚ ਮਸੀਹ ਅਤੇ ਰਸੂਲਾਂ ਦੇ ਕਰਤੱਬ 2:38-47 ਵਿੱਚ ਯਰੂਸ਼ਲਮ ਦੀ ਮੰਡਲੀ ਹੈ।

**ਸ੍ਰੀਮਾਨ ਰਿਵਾਜ ਕੁਝ ਇਸ ਤਰ੍ਹਾਂ ਕਹੇ:** "ਬਪਤਿਸਮਾ ਅਤੇ ਪ੍ਰਭੂ ਭੋਜ ਸਿਰਫ ਮਸਹਾ ਕੀਤੇ ਹੋਏ ਪਾਦਰੀ ਦੁਆਰਾ ਹੀ ਦਿੱਤੇ ਜਾਣੇ ਚਾਹੀਦੇ ਹਨ। ਬਪਤਿਸਮਾ ਲੈਣ ਵਾਲੇ ਵਿਅਕਤੀ ਨੂੰ ਪਹਿਲਾਂ ਪਾਣੀ ਤੇ ਚੱਲਣਾ ਚਾਹੀਦਾ ਹੈ।"

**5. ਮਸੀਹ ਦੀ ਦੇਹ ਵਿੱਚ ਪਵਿੱਤਰ ਆਤਮਾ ਦੇ ਸਾਰੇ ਵਰਦਾਨਾਂ ਦਾ ਪ੍ਰਯੋਗ ਕਰਦੇ ਹੋਏ ਜਿਹੜੇ ਉਸਨੇ ਉਨ੍ਹਾਂ ਨੂੰ ਦਿੱਤੇ ਹਨ, ਨਿਕਟ ਤੋਂ ਪਿਆਰੀਆਂ ਮੰਡਲੀਆਂ ਅਤੇ ਸਮੂਹਾਂ ਵਿੱਚ ਇਕ ਦੂਜੇ ਦੀ ਸੇਵਾ ਕਰਨ ਦੀ ਅਜ਼ਾਦੀ। (1 ਕੁਰਿੰਥੀਆਂ 14:24-26) ਸਿੱਖਿਆ:**

- ਬਾਈਬਲ ਦੇ ਆਦਰਸ਼ਾਂ ਵਿੱਚ ਕੁਰਿੰਥੀਆਂ ਦੇ ਲੋਕ ਸ਼ਾਮਿਲ ਹਨ
- ਪਵਿੱਤਰ ਆਤਮਾ ਸਾਰੇ ਨਵੇਂ ਵਿਸ਼ਵਾਸੀਆਂ ਨੂੰ ਕੁਝ ਆਤਮਿਕ ਵਰਦਾਨ ਦੇਂਦਾ ਹੈ, ਤਾਂ ਕਿ ਉਹ ਇੱਕ ਦੂਜੇ ਦੀ ਸੇਵਾ ਕਰ ਸਕਣ।
- ਕਿਸੇ ਵੀ ਪਾਦਰੀ ਜਾਂ ਡੀਕਨ ਕੋਲ ਕਲੀਸਿਯਾ ਬਣਾਉਣ ਲਈ ਸਾਰੇ ਜਰੂਰੀ ਆਤਮਿਕ ਵਰਦਾਨ ਨਹੀਂ ਹੁੰਦੇ ਹਨ।

**ਸ੍ਰੀਮਾਨ ਕੁਝ ਇਸ ਤਰ੍ਹਾਂ ਕਹੇ:** " ਸਾਰੇ ਕੰਮ ਸ਼ਿਸਟਤਾ ਅਤੇ ਹੁਕਮ ਵਿੱਚ ਕਰੋ। ਅਤੇ ਹੁਕਮ ਉਹ ਹੈ ਜੋ ਮੈਂ ਕਹਿੰਦਾ ਹਾਂ! ਸਿਰਫ ਪੜ੍ਹੇ ਲਿਖੇ ਪਾਦਰੀ ਹੀ ਸਾਰਵਜਨਿਕ ਸਭਾਵਾਂ ਦੀ ਅਗਵਾਈ ਕਰ ਸਕਦੇ ਹਨ।"

**6. ਪਾਸਟਰ ਸਬੰਧੀ ਅਗਵਾਈ ਦੇਣ ਦੀ ਅਜ਼ਾਦੀ ਉਨ੍ਹਾਂ ਲੋਕਾਂ ਦੁਆਰਾ ਜਿਹੜੇ ਨਵੇਂ ਨੇਮ ਦੇ ਬਜ਼ੁਰਗ ਦੀਆਂ ਯੋਗਤਾਵਾਂ ਨੂੰ ਤਨਖਾਹਾਂ ਬਿਨ੍ਹਾਂ ਜਾਂ ਨਾਲ ਪੂਰੀਆਂ ਕਰਦੇ ਹਨ। ਸਿੱਖਿਆਂ:**

- ਬਾਈਬਲ ਦੇ ਆਦਰਸ਼ਾਂ ਵਿੱਚ ਸ਼ਾਮਿਲ ਹੈ, ਪੌਲੁਸ ਅਤੇ ਤੀਤੁਸ।
- ਕੁਝ ਗੈਰ ਬਾਈਬਲ ਸਬੰਧੀ ਯੋਗਤਾਵਾਂ ਵਿੱਚ ਸ਼ਾਮਿਲ ਹੈ, ਧਾਰਮਿਕ ਵਿਗਿਆਨਿਕ ਪੜ੍ਹਾਈ, ਆਰਥਿਕ ਮਜ਼ਬੂਤੀ, ਸਮਾਜਿਕ ਪਦਵੀ, ਅਤੇ ਭਾਸ਼ਾ। ਤੁਹਾਡੀ ਰਵਾਇਤ ਵਿੱਚ ਕੁਝ ਗੈਰ ਬਾਈਬਲ ਸਬੰਧੀ ਸਿਧਾਂਤ ਕਿਹੜੇ ਹਨ?

**ਸ੍ਰੀਮਾਨ ਰਿਵਾਜ ਕੁਝ ਇਸ ਤਰ੍ਹਾਂ ਕਹੇ:** "ਸਾਡੀ ਮੰਡਲੀ ਦੇ ਉਪਨੇਮ, ਹਨ ਪਾਸਟਰ ਮਸਹਾ ਕੀਤਾ ਹੋਇਆ ਹੋਵੇ। ਸਾਡੀ ਉਪਨੇਮਾਂ ਦੀ ਸੂਚੀ ਵਿੱਚ 750 ਸ਼ਰਤਾਂ ਹਨ, ਜੋ ਉਨ੍ਹਾਂ ਨੂੰ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਕੋਲ ਪੜ੍ਹਾਈ ਦੀ ਖਾਸ ਡਿਗਰੀ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਪੇਸ਼ੇਵਾਰ ਦੀ ਤਨਖਾਹ ਹੋਣੀ ਚਾਹੀਦੀ ਹੈ।

**7. ਨਵੇਂ ਨੇਮ ਦੇ ਪ੍ਰਚਾਰ ਕਰਨ ਅਤੇ ਹਰ ਸਮੂਹ ਨੂੰ ਆਕਾਰ ਅਤੇ ਇਸਦੇ ਆਗੂਆਂ ਦੇ ਸਿਆਣੇਪਣ ਅਨੁਸਾਰ ਸਿੱਖਿਆ ਦੇਣ ਦੇ ਤਰੀਕੇ ਨੂੰ ਲਾਗੂ ਕਰਨ ਦੀ ਅਜ਼ਾਦੀ। ਸਿੱਖਿਆ:**

- ਬਾਈਬਲ ਦੇ ਆਦਰਸ਼ਾਂ ਵਿੱਚ ਨਵੇਂ ਨੇਮ ਵਿੱਚ "ਇਕ ਦੂਜੇ" ਹੁਕਮ ਅਤੇ ਯਿਸੂ ਦੀ ਗੱਲਬਾਤ ਕਰਨ ਦੀ ਸ਼ੈਲੀ ਸ਼ਾਮਿਲ ਹੈ।

ਸ੍ਰੀ ਮਾਨ ਰਿਵਾਜ ਕੁਝ ਇਸ ਤਰ੍ਹਾਂ ਕਹੇ: "ਪਰਮੇਸ਼ੁਰ ਨੇ ਇਸ ਯੁੱਗ ਲਈ ਭਾਸ਼ਣ ਸੰਬੰਧੀ ਵਚਨ ਦੇ ਪ੍ਰਚਾਰ ਨੂੰ ਮਸਹਾ ਕੀਤਾ ਹੈ। ਸਾਨੂੰ ਪੁਲਪਿਟ ਤੇ ਸਭ ਤੋਂ ਵਧੀਆ ਗੁਣ ਅਤੇ ਮਹੱਤਤਾ ਦੀ ਲੋੜ ਹੈ।

**8. ਉਨ੍ਹਾਂ ਲੋਕਾਂ ਲਈ ਅਜ਼ਾਦੀ, ਜਿਹੜੇ ਚਰਵਾਹਿਆਂ ਨੂੰ ਨਵੀਆਂ ਮੰਡਲੀਆਂ ਅਤੇ ਆਗੂਆਂ ਦੀਆਂ ਲੋੜਾਂ ਪ੍ਰਤੀ ਉਸੇ ਵੇਲੇ ਜਵਾਬ ਦੇਣ ਲਈ ਸਿੱਖਿਆ ਦੇਂਦੇ ਹਨ:**

- ਇਸ ਲਈ ਪਾਠਕ੍ਰਮ ਸੂਚੀ ਦੀ ਲੋੜ ਹੈ ਜਿਸ ਵਿੱਚ ਵਿਕਲਪ ਹੋਣ ਤਾਂ ਜੋ ਆਗੂ ਅਤੇ ਸਿੱਖਿਆ ਦੇਣ ਵਾਲੇ ਅਜਿਹੇ ਅਧਿਐਨ ਅਤੇ ਗਤੀਵਿਧੀਆਂ ਚੁਣ ਸਕਣ ਜੋ ਹਰ ਨਵੀਂ ਮੰਡਲੀ ਦੀਆਂ ਵਰਤਮਾਨ ਲੋੜਾਂ ਨਾਲ ਮਿਲਦੀਆਂ ਹਨ।
- ਮਸੀਹ ਨੇ ਵਰਤਮਾਨ ਹਾਲਾਤਾਂ ਅਤੇ ਲੋੜਾਂ ਦੇ ਜਵਾਬ ਵਿੱਚ ਸਿੱਖਿਆ ਦਿੱਤੀ। ਪੌਲੁਸ ਨੇ ਤੀਤੁਸ ਨੂੰ ਉਨ੍ਹਾਂ ਗੱਲਾਂ ਦਾ ਹੱਲ ਕਰਨ ਲਈ ਕਿਹਾ, ਜਿਨ੍ਹਾਂ ਦੀ ਕਰੇਤੇ ਦੀਆਂ ਨਵੀਆਂ ਮੰਡਲੀਆਂ ਵਿੱਚ ਘਾਟ ਸੀ।
- ਸਾਰੀਆਂ ਨਵੀਆਂ ਮੰਡਲੀਆਂ ਦੀਆਂ ਵੱਖ-ਵੱਖ ਲੋੜਾਂ ਹਨ।

**ਸ੍ਰੀ ਮਾਨ ਰਿਵਾਜ ਕੁਝ ਇਸ ਤਰ੍ਹਾਂ ਕਹੇ:** "ਮੇਰੇ ਸਿੱਖਿਆ ਦੇਣ ਵਾਲੇ ਕਾਰਜਕ੍ਰਮ ਵਿੱਚ ਉੱਚ ਦਰਜੇ ਦਾ ਪਾਠਕ੍ਰਮ ਹੈ ਅਤੇ ਹਰ ਸਿਖਿਆਰਥੀ ਇਕੋ ਜਿਹੀ ਗੱਲ ਸਿੱਖਦਾ ਹੈ, ਇਕੋ ਜਗ੍ਹਾ ਤੋਂ ਸ਼ੁਰੂ ਕਰਦਾ ਹੈ ਅਤੇ ਉਹੀ ਰਸਤੇ ਤੇ ਚੱਲਦਾ ਰਹਿੰਦਾ ਹੈ। ਉਹ ਕੁਝ ਭਵਿੱਖ ਵਿੱਚ ਲਾਗੂ ਕਰਨ ਲਈ ਸਿੱਖਦੇ ਹਨ

**9.** **ਖ਼ੇਤਰੀ ਕੋਆਰਡੀਨੇਟਰ ਪ੍ਰਦਾਨ ਕਰਨ ਦੀ ਅਜ਼ਾਦੀ ਜਿਹੜੇ ਨਵੇਂ ਲੋਕਾਂ ਅਤੇ ਮੰਡਲੀਆਂ ਦੀ ਅਤੇ ਚਰਵਾਹਿਆਂ ਦੇ ਸਿੱਖਿਅਕਾਂ ਦੀ ਨਿਗਰਾਨੀ ਕਰਦੇ ਹਨ, ਜਿਵੇਂ ਪੌਲੁਸ ਨੇ ਤੀਤੁਸ ਨੂੰ ਨਿਰਦੇਸ਼ ਦਿੱਤੇ (ਤੀਤੁਸ 1:5)। ਸਿੱਖਿਆ:**

- ਬਾਈਬਲ ਵਿੱਚ ਕੋਈ ਵੀ ਅਜ਼ਾਦ ਸਥਾਨਕ ਕਲੀਸਿਯਾ ਦੀ ਉਦਾਹਰਣ ਨਹੀਂ ਹੈ
- ਨਵੀਂਆਂ ਕਲੀਸਿਯਾਵਾਂ ਦਾ ਬਾਰ ਬਾਰ ਅਸਫਲ ਹੋਣ ਦਾ ਕਾਰਨ ਹੈ ਕਿ ਨਾ ਤਾਂ ਉਨ੍ਹਾਂ ਦੇ ਆਗੂਆਂ ਨੇ ਤਜਰਬੇਕਾਰ ਪਾਸਟਰ ਕੋਲੋਂ ਨਿਗਰਾਨੀ ਅਤੇ ਸਲਾਹ ਭਾਲੀ ਅਤੇ ਨਾ ਪ੍ਰਾਪਤ ਕੀਤੀ।

**ਸ੍ਰੀ ਮਾਨ ਰਿਵਾਜ ਕੁਝ ਇਸ ਤਰ੍ਹਾਂ ਕਹੇ:** ''ਸਾਨੂੰ ਕਿਸੇ ਵੀ ਨਾਸਤਕ ਮਹੰਤੀ ਜਾਂ ਬਿਸ਼ਪ ਦੀ ਲੋੜ ਨਹੀਂ, ਜਿਹੜਾ ਮੰਡਲੀਆਂ ਨੂੰ ਆਦੇਸ਼ ਕਰੇ ਕਿ ਕੀ ਵਿਸ਼ਵਾਸ ਕਰਨਾ ਹੈ ਅਤੇ ਕੀ ਕਰਨਾ ਹੈ। ਅਸੀਂ ਸਥਾਨਕ ਕਲੀਸਿਯਾ ਵਿੱਚ ਖ਼ੁਦਮੁਖ਼ਤਾਰੀ ਹਾਂ,'' ਜਾਂ : ''ਮੈਂ ਬਿਸ਼ਪ ਹਾਂ ਜਿਹੜਾ ਇਸ ਖੇਤਰ ਦਾ ਨਿਗਰਾਨ ਹੈ, ਅਤੇ ਮੈਂ ਨਹੀਂ ਚਾਹੁੰਦਾ ਕਿ ਕੋਈ ਵੀ ਕੋਆਰਡੀਨੇਟਰ ਮੇਰੇ ਅਧਿਕਾਰ ਖੇਤਰ ਵਿੱਚ ਅਧਿਕਾਰ ਜਮਾਵੇ। ਨਾ ਹੀ ਮੇਰੇ ਕੋਲ ਕੋਈ ਨਵੇਂ ਕਾਰਜਕ੍ਰਮਾਂ ਨੂੰ ਆਯੋਜਿਤ ਕਰਨ ਦਾ ਸਮਾਂ ਹੈ! ਇਸ ਲਈ ਅਸੀਂ ਉਹ ਜਾਰੀ ਰੱਖਾਂਗੇ ਜਿਵੇਂ ਅਸੀਂ ਕਰਦੇ ਆ ਰਹੇ ਹਾਂ।''

Copyright 2004 © by Paul-Timothy. May be freely copied. Download from www.Paul-Timothy.net